ਪੰਜਾਬ ਸਰਕਾਰ

ਸਿੱਖਿਆ ਵਿਭਾਗ

ਸੇਵਾ ਵਿਖੇ

ਡਾਇਰੈਕਟਰ ਖਜ਼ਾਨਾ,
ਪੰਜਾਬ।

ਮੀਮੋ ਨੰ: 15/13-2018 ਫੋ(1)/271784

ਮਿਤੀ: 03.09.2019

ਵਿਸ਼ਾ:- ਮਿਤੀ 30.06.2019 ਤੱਕ ਬੈਂਕ ਖਾਤਿਆਂ ਵਿੱਚ ਪਈ ਰਕਮ ਤੇ ਬਣਦਾ ਵਿਆਜ਼ ਜਮ੍ਹਾ ਕਰਵਾਉਣ ਸਬੰਧੀ।

ਹਵਾਲਾ:- ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ: ਬਿਲਜ਼/2019-20/2912 ਮਿਤੀ 18.07.2019 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਮਾਮਲਾ ਨਿਮਨ ਹਸਤਾਖਰੀ ਵੱਲੋਂ ਪ੍ਰਮੁੱਖ ਸਕੱਤਰ ਵਿੱਤ ਜੀ ਨਾਲ ਵਿਚਾਰਿਆ ਗਿਆ ਸੀ। ਸਿੱਖਿਆ ਵਿਭਾਗ ਵਿੱਚ ਸਕੂਲਾਂ ਦੁਆਰਾ ਕੁਝ ਫੰਡਜ਼ ਬੱਚਿਆਂ ਅਤੇ ਸਕੂਲਾਂ ਦੀ ਭਲਾਈ ਲਈ ਲਏ ਜਾਂਦੇ ਹਨ। ਇਨ੍ਹਾਂ ਫੰਡਜ਼ ਨੂੰ ਕਦੇ ਵੀ ਖਜ਼ਾਨੇ ਵਿੱਚ ਜਮ੍ਹਾ ਨਹੀਂ ਕਰਵਾਇਆ ਗਿਆ। ਜੇਕਰ ਇਨ੍ਹਾਂ ਫੰਡਜ਼ ਨੂੰ ਹੁਣ ਖਜ਼ਾਨੇ ਵਿੱਚ ਵਿਆਜ਼ ਸਮੇਤ ਜਮ੍ਹਾ ਕਰਵਾਇਆ ਜਾਂਦਾ ਹੈ ਤਾਂ ਕਾਫ਼ੀ ਦਿੱਕਤ ਆਵੇਗੀ। ਇਹ ਮਾਮਲਾ ਇਸ ਵਿਭਾਗ ਦੁਆਰਾ ਵੱਖਰੇ ਤੌਰ ਤੇ ਵਿੱਤ ਵਿਭਾਗ ਨਾਲ ਟੇਕ-ਅੱਪ ਕੀਤਾ ਜਾ ਰਿਹਾ ਹੈ।

ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਮੂਹ ਜਿਲ੍ਹਾ ਖਜ਼ਾਨਾ ਅਫਸਰਾਂ ਨੂੰ ਹਾਲ ਦੀ ਘੜੀ ਇਸ ਸਬੰਧ ਵਿੱਚ ਕੋਈ ਕਾਰਵਾਈ ਨਾ ਕਰਨ ਸਬੰਧੀ ਲਿਖ ਦਿੱਤਾ ਜਾਵੇ।

ਸਕੱਤਰ ਸਕੂਲ ਸਿੱਖਿਆ

ਉਪਰੋਕਤ ਦਾ ਉਤਾਰਾ ਪੰਜਾਬ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ) ਅਤੇ ਸਮੂਹ ਸਕੂਲਾਂ ਦੇ ਡੀ.ਡੀ.ਓਜ਼. ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ ਸਕੂਲ ਸਿੱਖਿਆ